## ਦਫਤਰ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ ।
## ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐੱਸ. ਏ. ਐੱਸ ਨਗਰ

### ਨੋਟਿਸ

### ਸੋਧੀ ਡਰਾਫਟ ਸੀਨੀਆਰਤਾ ਸੂਚੀ ਭਾਗ - 3
### (Amended Draft Seniority List Part - 3)

**ਮਿਤੀ 12.02.2024**

1.0 ਮਾਸਟਰ ਕਾਡਰ ਦੀ ਸੀਨੀਆਰਤਾ ਦੇ ਸਬੰਧ ਵਿੱਚ ਡਰਾਫਟ ਸੀਨੀਆਰਤਾ ਸੂਚੀ ਭਾਗ-3 ਮਿਤੀ 29.11.2023 ਦੇ ਸਬੰਧ ਵਿੱਚ ਪ੍ਰਾਪਤ ਇਤਰਾਜਾਂ ਦੀ ਪੂਰਤੀ ਕਰਦੇ ਹੋਏ ਸੋਧੀ ਡਰਾਫਟ ਸੀਨੀਆਰਤਾ ਸੂਚੀ ਤਿਆਰ ਕੀਤੀ ਗਈ ਹੈ।

2.0 ਮਾਸਟਰ ਕਾਡਰ ਦੀ ਸੋਧੀ ਡਰਾਫਟ ਸੀਨੀਆਰਤਾ ਸੂਚੀ ਦਾ ਤੀਜਾ **ਭਾਗ ਮਿਤੀ 31.12.2000** ਤੱਕ ਤਿਆਰ ਵਿਭਾਗ ਦੀ ਵੈਬ-ਸਾਈਟ ਤੇ ਅਪਲੋਡ ਕੀਤੀ ਜਾਂਦੀ ਹੈ, ਜੇਕਰ ਕਿਸੇ ਅਧਿਆਪਕ/ਅਧਿਕਾਰੀ/ਰਿਟਾਇਰੀ ਦੇ ਸੇਵਾਵਾਂ ਦੇ ਵੇਰਵਿਆਂ ਵਿੱਚ ਕੋਈ ਤਰੁੱਟੀ / ਇਤਰਾਜ਼ ਹੋਵੇ ਤਾਂ ਇਸ ਸਬੰਧੀ ਇਸ ਦਫਤਰ ਨੂੰ ਇਤਰਾਜ਼ ਮਿਤੀ **22.02.2024 ਤੱਕ** ਮੁੱਖ ਦਫਤਰ ਨਿਰਧਾਰਿਤ ਨੱਥੀ ਪ੍ਰੋਫਾਰਮੇ ਤੇ, ਇਤਰਾਜ਼ਾਂ ਦੇ ਪੱਖ ਵਿੱਚ ਮੁਕੰਮਲ ਦਸਤਾਵੇਜ਼ੀ ਸਬੂਤ ਦਿੰਦੇ ਹੋਏ ਰਜਿਸਟਰਡ ਡਾਕ ਰਾਹੀਂ ਭੇਜੇ ਜਾ ਸਕਦੇ ਹਨ। ਜੇਕਰ ਕਿਸੇ ਅਧਿਆਪਕ/ਅਧਿਕਾਰੀ/ਰਿਟਾਇਰੀ ਨੂੰ ਪ੍ਰੋਫਾਰਮੇ ਅਨੁਸਾਰ ਆਪਣਾ ਪੱਖ ਅਧੂਰਾ ਜਾਪਦਾ ਹੈ ਤਾਂ ਉਹ ਲਿਖਤ ਰੂਪ ਵਿੱਚ ਬਿਨੈ ਪੱਤਰ ਪ੍ਰੋਫਾਰਮਾ ਨਾਲ ਨੱਥੀ ਕਰਦੇ ਹੋਏ ਹੇਠ ਲਿਖੇ ਪਤੇ ਤੇ ਮੁੱਖ ਦਫਤਰ ਭੇਜ ਸਕਦੇ ਹਨ।

**Through Registered Post**

Assistant Director Promotion Cell

O/o Director School Education (Secondary)

4th Floor Block-E Complex Punjab School Education Board, Sector 62, Mohali

Pin code:- 160062

ਉਕਤ ਮਿਤੀ ਉਪਰੰਤ ਪ੍ਰਾਪਤ ਕਿਸੇ ਇਤਰਾਜ਼ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਦਫਤਰ ਵਿੱਚ ਨਿੱਜੀ ਪੱਧਰ ਤੇ ਜਾਂ ਸ਼ਾਖਾ ਦੀ ਈਮੇਲ ਤੇ ਭੇਜਿਆ ਇਤਰਾਜ਼ ਡੀਲ ਨਹੀਂ ਕੀਤਾ ਜਾਵੇਗਾ।

3.0 ਉਕਤ ਦੀ ਲਗਾਤਾਰਤਾ ਵਿੱਚ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਆਪਣਾ ਕਲੇਮ ਵਿਭਾਗ ਵੱਲੋਂ ਜਾਰੀ ਕੀਤੇ ਗਏ ਵੱਖ-ਵੱਖ ਭਾਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਭੇਜੇ ਜਾਣ, ਜੇਕਰ ਕਿਸੇ ਅਧਿਆਪਕ/ਅਧਿਕਾਰੀ/ਰਿਟਾਇਰੀ ਨੂੰ ਆਪਣੀ ਨਿਯੁਕਤੀ ਦੇ ਸਬੰਧ ਵਿੱਚ ਕਿਸੇ ਹੋਰ ਭਾਗ ਨਾਲ ਮਿਲਾਨ ਕਰਨਾ ਹੈ ਤਾਂ ਕਲੇਮ ਫਾਰਮ ਵਿੱਚ ਉਸ ਸਬੰਧੀ ਸੂਚਨਾ ਜਰੂਰ ਦੇਣ।

4.0 ਇਸ ਡਰਾਫਟ ਸੀਨੀਆਰਤਾ ਸੂਚੀ ਨੂੰ ਕਿਸੇ ਵੀ ਤਰ੍ਹਾਂ ਅੰਤਿਮ ਰੂਪ ਨਾ ਮੰਨਿਆ ਜਾਵੇ।

ਨੱਥੀ /ਲਿਸਟ ਅਤੇ ਪ੍ਰੋਫਾਰਮਾ

ਸਹਾਇਕ ਡਾਇਰੈਕਟਰ ਪ੍ਰਮੋਸ਼ਨ ਸੈਲ
ਵਾ. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।

| Amended Draft Seniority Number | Name of the official/<br>Father's Name/<br>Date of Birth/<br>Date of Appointment /<br>Subject/<br>Posting details (whether working/retired)<br>contact number (Whatsup Number) | Claimed Seniority Number Brief objection regarding Seniority | Basis of claimed Seniority and objection (Attach proof) |
| --- | --- | --- | --- |
| | | | |